# PROTECTIVE SERVICES OFFICER



**VICTORIA POLICE PROTECTIVE SERVICES**

**OFFICER (PSO) ਦੀ ਭੂਮਿਕਾ ਲਈ ਲੋਕਾਂ ਦੀ ਭਾਲ ਕਰ ਰਹੀ ਹੈ।**

## ਇਕ PSO ਕੀ ਕਰਦਾ ਹੈ?

PSO ਹਰ ਰੋਜ਼ ਸ਼ਾਮੀ 6 ਤੋਂ ਲੈ ਕੇ ਤੜਕੇ 3 ਵਜੇ ਤੱਕ ਰੇਲ ਨੈਟਵਰਕ ਦੀ ਵਰਤੋਂ ਕਰਨ ਵਾਲੇ 400,000 ਯਾਤਰੀਆਂ ਦੀ ਸੁਰੱਖਿਆ ਤੇ ਮਦਦ ਲਈ ਰੇਲਵੇ ਸਟੇਸ਼ਨਾਂ 'ਤੇ ਤਾਇਨਾਤ ਕੀਤੇ ਜਾਂਦੇ ਹਨ। PSO ਦੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ:

- ਸਰਗਰਮੀ ਨਾਲ ਰੇਲ ਯਾਤਰੀਆਂ ਦੀ ਨਿਗਰਾਨੀ ਕਰਨੀ ਅਤੇ ਦ੍ਰਿਸ਼ਟਮਾਨ ਮੌਜੂਦਗੀ ਨੂੰ ਬਰਕਰਾਰ ਰੱਖਣਾ
- ਆਮ ਪੁੱਛ ਗਿੱਛ ਲਈ ਜਨਤਾ ਦੀ ਸਹਾਇਤਾ ਕਰਨੀ
- ਸਲਾਹ ਮੁਹੱਈਆ ਕਰਵਾਉਣਾ ਤੇ ਭਾਈਚਾਰੇ ਲਈ ਸੁਰੱਖਿਆ ਨੂੰ ਯਕੀਨੀ ਬਣਾਉਣਾ
- ਨਸ਼ਿਆਂ ਅਤੇ ਨਸ਼ੀਲੀਆਂ ਵਸਤਾਂ ਨਾਲ ਸਬੰਧਤ ਜੁਰਮਾਂ ਤੇ ਸੰਪਤੀ ਨੂੰ ਨੁਕਸਾਨ ਤੋਂ ਬਚਾਉਣਾ ਅਤੇ ਸਮਾਜ-ਵਿਰੋਧੀ ਵਿਵਹਾਰ ਨਾਲ ਨਿਪਟਣਾ

VICTORIA POLICE

## ਕੀ ਮੈਂ PSO ਬਣਨ ਦੇ ਯੋਗ ਹਾਂ?

Victoria Police ਵਿਚ PSO ਵਜੋਂ ਕੰਮ ਕਰਨ ਦੇ ਯੋਗ ਹੋਣ ਲਈ ਤੁਹਾਡੇ ਲਈ ਨਿਮਨਲਿਖਤ ਆਵਸ਼ਕਤਾਵਾਂ ਦੀ ਪੂਰਤੀ ਕਰਨੀ ਜ਼ਰੂਰੀ ਹੈ:

**ਆਸਟਰੇਲੀਆਈ ਨਾਗਰਿਕਤਾ ਜਾਂ ਆਸਟਰੇਲੀਆ ਦੀ ਸਥਾਈ ਰਿਹਾਇਸ਼ ਦੀ ਪ੍ਰਵਾਨਗੀ ਭਾਵ ਪੀ ਆਰ ਹੋਣਾ**
Victoria Police ਵਿਚ ਸ਼ਾਮਲ ਹੋਣ (ਕੰਮ ਕਰਨ) ਲਈ ਤੁਸੀਂ ਆਸਟਰੇਲੀਆਈ ਨਾਗਰਿਕ ਹੋਣੇ ਚਾਹੀਦੇ ਹੋ ਜਾਂ ਤੁਹਾਡੇ ਕੋਲ ਸਥਾਈ ਰਿਹਾਇਸ਼ ਦੀ ਪ੍ਰਵਾਨਗੀ ਭਾਵ ਪੀ ਆਰ ਹੋਣੀ ਚਾਹੀਦੀ ਹੈ।

**ਚੰਗੇ ਚਰਿੱਤਰ ਅਤੇ ਸਾਖ ਦਾ ਪ੍ਰਦਰਸ਼ਨ ਕਰਨਾ**
Victoria Police ਚੋਣ ਪ੍ਰਕਿਰਿਆ ਦੌਰਾਨ Protective Services Officer ਬਿਨੈਕਾਰਾਂ ਦੇ ਪਿਛੋਕੜ ਨੂੰ ਵਿਆਪਕ ਪੱਧਰ ‘ਤੇ ਚੈਕ ਕਰਦੀ ਹੈ। Victoria Police ਦੇ ਪਿਛੋਕੜ ਅਤੇ ਸੇਧਾਂ (guidelines) ਬਾਰੇ ਵਧੇਰੇ ਜਾਣਕਾਰੀ ਲਈ ਇਸ ਵੈਬਸਾਈਟ ‘ਤੇ ਜਾਓ: www.policecareer.vic.gov.au/pso/forms-pso।

**ਘੱਟੋ-ਘੱਟ ਮੈਡੀਕਲ ਆਵਸ਼ਕਤਾਵਾਂ ਦੀ ਪੂਰਤੀ ਕਰਨਾ**
ਇਹ ਭੂਮਿਕਾ ਨਿਭਾਉਣ ਲਈ Victoria Police ਦੀ ਮੈਡੀਕਲ ਨੀਤੀ ਦੀਆਂ ਘੱਟੋ-ਘੱਟ ਆਵਸ਼ਕਤਾਵਾਂ ਦੀ ਪੂਰਤੀ ਕਰਨ ਦੀ ਲੋੜ ਹੈ। Victoria Police ਦੀਆਂ ਮੈਡੀਕਲ ਸੇਧਾਂ ਬਾਰੇ ਵਧੇਰੇ ਜਾਣਕਾਰੀ ਲਈ ਇਸ ਵੈਬਸਾਈਟ ‘ਤੇ ਜਾਓ: www.policecareer.vic.gov.au/pso/forms-pso।

**ਅੰਗਰੇਜ਼ੀ ਬੋਲਚਾਲ ਦੇ ਵੱਧੀਆ ਹੁਨਰਾਂ (communication skills) ਦਾ ਪ੍ਰਦਰਸ਼ਨ ਕਰਨਾ**
ਇੱਕ PSO ਬਿਨੈਕਾਰ ਹੋਣ ਦੇ ਨਾਤੇ ਬੁਨਿਆਦੀ ਹੁਨਰਾਂ ਵਿਚੋਂ ਇੱਕ ਤੁਹਾਨੂੰ ਇਹ ਵਿਖਾਉਣ ਦੀ ਲੋੜ ਹੋਵੇਗੀ ਕਿ ਤੁਸੀਂ ਅੰਗਰੇਜ਼ੀ ਭਾਸ਼ਾ ‘ਚ ਵਧੀਆ ਢੰਗ ਨਾਲ ਗਲਬਾਤ ਕਰ ਲੈਂਦੇ ਹੋ। ਇਸ ਦਾ ਅਰਥ ਹੈ ਕਿ ਤੁਸੀਂ ਉਸ ਪੱਧਰ ਉਤੇ ਅੰਗਰੇਜ਼ੀ ਭਾਸ਼ਾ ਵਿਚ ਪੜ੍ਹ, ਲਿਖ, ਸੁਣ ਅਤੇ ਜ਼ੁਬਾਨੀ ਗਲਬਾਤ ਕਰ ਸਕਦੇ ਹੋ ਕਿ ਜਿਸ ਨਾਲ ਤੁਸੀਂ ਇੱਕ ਸੰਚਾਲਨਾਤਮਕ ਸੰਦਰਭ ਦੀ ਭੂਮਿਕਾ ਵਿੱਚ ਪੂਰੀ ਸਮਰੱਥਾ ਨਾਲ ਆਪਣੇ ਫਰਜ਼ ਨਿਭਾ ਸਕਦੇ ਹੋ।

ਟਿੱਪਣੀ: Victoria Police ਦੀ ਦਿਲਚਸਪੀ ਖਾਸ ਤੌਰ ‘ਤੇ ਅਜਿਹੇ ਦੋ-ਭਾਸ਼ਾਈ ਵਿਅਕਤੀਆਂ ਨੂੰ ਭਰਤੀ ਕਰਨ ‘ਚ ਹੈ, ਜੋ ਆਪਣੀ ਮੂਲ ਭਾਸ਼ਾ ‘ਚ ਵੀ ਕਿਸੇ ਜਨਤਕ ਮੈਂਬਰ ਨਾਲ ਗੱਲਬਾਤ ਕਰ ਸਕਣ ਅਤੇ ਫਿਰ ਅੰਗਰੇਜ਼ੀ ਵਿਚ ਵੀ ਉਹ ਸਾਰੀ ਜਾਣਕਾਰੀ ਦੱਸ ਸੱਕਣ।

**ਜੇ ਉਮਰ 21 ਸਾਲ ਤੋਂ ਘੱਟ ਹੈ, ਤਾਂ ਵਿਦਿਅਕ ਯੋਗਤਾਵਾਂ ਦੇ ਸਬੂਤ ਪ੍ਰਦਾਨ ਕਰੋ**
ਜੇ ਤੁਹਾਡੀ ਉਮਰ 21 ਸਾਲ ਤੋਂ ਘੱਟ ਹੈ ਤਾਂ ਤੁਸੀਂ ਵਿੱਕਟੋਰੀਅਨ ਸਰਟੀਫੀਕੇਟ ਆਫ ਐਡੂਕੇਸ਼ਨ (VCE) ਜ਼ਰੂਰ ਹੀ ਪਾਸ ਕੀਤਾ ਹੋਣਾ ਚਾਹੀਦਾ ਹੈ ਜਾਂ ਭਰਤੀ ਕੀਤੇ ਜਾਣ ਤੋਂ ਪਹਿਲਾਂ ਉਸ ਦੇ ਬਰਾਬਰ ਦੇ (Senior Level Victorian Certificate of Applied Learning (VCAL) ਨੂੰ ਵੀ ਮਾਨਤਾ ਦਿੱਤੀ ਜਾਂਦੀ ਹੈ)।

**ਵਿਕਟੋਰੀਅਨ ਡਰਾਈਵਿੰਗ ਲਾਇਸੰਸ ਦਾ ਹੋਣਾ**
ਭਰਤੀ ਕੀਤੇ ਜਾਣ ਤੋਂ ਪਹਿਲਾਂ ਤੁਹਾਡੇ ਕੋਲ ਚਾਲੂ ਵਿਕਟੋਰੀਅਨ ਡਰਾਇਵਿੰਗ ਲਾਇਸੰਸ ਹੋਣਾ ਜ਼ਰੂਰੀ ਹੈ। ਆਟੋਮੈਟਿੱਕ ਜਾਂ ਮੈਨੁਅਲ ਲਾਇਸੰਸ ਪ੍ਰਵਾਨਗੀਯੋਗ ਹਨ।

## PSO ਬਣਨ ਲਈ ਅਰਜੀ ਦੇਣ ਤੋਂ ਪਹਿਲਾਂ ਮੈਂਨੂੰ ਹੋਰ ਕਿਹੜੀ ਮਹੱਤਵਪੂਰਣ ਜਾਣਕਾਰੀ ਵੱਲ ਧਿਆਨ ਦੇਣ ਦੀ ਲੋੜ ਹੈ?

- ਇੱਕ PSO ਹੋਣ ਸਮੇਂ ਤੁਹਾਨੂੰ ਹਰੇਕ ਪੰਦਰਵਾੜੇ 80 ਘੰਟਿਆਂ ਲਈ ਕੰਮ ਕਰਨਾ ਪਵੇਗਾ ਅਤੇ ਡਿਊਟੀ ਪੱਕੇ ਤੌਰ 'ਤੇ ਸ਼ਾਮ ਨੂੰ ਹੀ ਸ਼ੁਰੂ ਹੋਵੇਗੀ (ਸ਼ੁਰੂਆਤੀ ਸਮਾਂ ਸ਼ਾਮੀਂ 3 ਵਜੇ ਤੋਂ ਸ਼ਾਮੀ 7 ਵਜੇ ਤੱਕ ਤੇ ਡਿਊਟੀ ਖਤਮ ਕਰਨ ਦਾ ਸਮਾਂ ਰਾਤੀਂ ਜਾਂ ਤੜਕੇ 2 ਵਜੇ ਤੋਂ 3 ਵਜੇ ਦੇ ਵਿਚਕਾਰ)
- ਇੱਕ PSO ਹੋਣ ਸਮੇਂ ਤੁਹਾਨੂੰ ਸੰਘਰਸ਼ ਭਰੇ ਹਾਲਾਤ ਜਿਵੇਂ ਲੜਾਈ-ਝਗੜੇ, ਹਿੰਸਕ ਅਪਰਾਧੀਆਂ ਅਤੇ ਨਸ਼ਿਆਂ ਅਤੇ ਨਸ਼ੀਲੀਆਂ ਵਸਤਾਂ ਤੋਂ ਪਰਭਾਵਿਤ ਲੋਕਾਂ ਦਾ ਸਾਹਮਣਾ ਕਰਨਾ ਪਵੇਗਾ।
- ਇੱਕ PSO ਹੋਣ ਸਮੇਂ ਤੁਹਾਡੇ ਤੋਂ ਇਹ ਆਸ ਕੀਤੀ ਜਾਵੇਗੀ ਕਿ ਤੁਸੀਂ ਰਾਜ ਦੇ ਕਾਨੂੰਨ ਲਾਗੂ ਕਰਵਾਉਣ ਲਈ ਆਪਣੇ ਨਿੱਜੀ, ਧਾਰਮਿਕ ਤੇ ਸਿਆਸੀ ਵਿਚਾਰਾਂ ਨੂੰ ਲਾਂਭੇ ਹੀ ਰੱਖੋਗੇ।
- ਇੱਕ PSO ਹੋਣ ਸਮੇਂ ਤੁਹਾਨੂੰ ਆਪਣੇ ਕੋਲ ਇੱਕ ਹਥਿਆਰ ਰੱਖਣਾ ਪਵੇਗਾ।
- ਇੱਕ PSO ਹੋਣ ਸਮੇਂ ਡਿਊਟੀ ਤੇ ਹੋਣ ਵੇਲੇ ਤੇ ਡਿਊਟੀ ਖਤਮ ਹੋਣ ਤੋਂ ਬਾਦ ਵੀ ਤੁਹਾਡਾ ਵਿਵਹਾਰ ਤੁਹਾਡੇ ਆਪਣੇ ਉਪਰ ਅਤੇ Victoria Police ਤੇ ਝਲਕੇਗਾ। ਇਹ ਵਿਵਹਾਰ ਉਚ ਮਿਆਰੀ ਵਾਲਾ ਹੋਣਾ ਚਾਹੀਦਾ ਹੈ ਤੇ ਉਸ ਤੋਂ Victoria Police ਦੀਆਂ ਕਦਰਾਂ ਕੀਮਤਾਂ ਝਲਕਣੀਆਂ ਚਾਹੀਦੀਆਂ ਹਨ।
- ਇੱਕ PSO ਹੋਣ ਸਮੇਂ ਕੰਮ ਤੇ ਆਉਣ ਤੇ ਉਥੋਂ ਜਾਣ ਲਈ ਤੁਹਾਡੇ ਕੋਲ ਆਪਣਾ ਨਿਜੀ ਵਾਹਨ ਹੋਣਾ ਜ਼ਰੂਰੀ ਹੈ ਕਿਉਂਕਿ ਜਦੋਂ ਤੁਹਾਡੀ ਸ਼ਿਫਟ ਖਤਮ ਹੋਵੇਗੀ, ਤਦ ਜਨਤਕ ਆਵਾਜਾਈ ਦੀਆਂ ਸੇਵਾਵਾਂ ਬੰਦ ਹੋ ਜਾਣਗੀਆਂ।
- ਇੱਕ PSO ਹੋਣ ਸਮੇਂ ਤੁਹਾਨੂੰ ਸਿਖਲਾਈ ਤੋਂ ਬਾਦ ਇਹ ਦੱਸਣ ਦਾ ਮੌਕਾ ਦਿੱਤਾ ਜਾਵੇਗਾ ਕਿ ਤੁਸੀਂ ਕਿਸ ਜਗ੍ਹਾ ਆਪਣੀ ਡਿਊਟੀ ਤਾਇਨਾਤ ਕਰਵਾਉਣੀ ਪਸੰਦ ਕਰੋਗੇ; ਭਾਂਵੇਂ ਅਜਿਹਾ ਉਪਲਬਧਤਾ 'ਤੇ ਨਿਰਭਰ ਹੋਵੇਗਾ।

## ਇੱਕ PSO ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਕੀ ਹੈ?

ਇੱਕ ਬਿਨੈਕਾਰ ਵਜੋਂ Victoria Police ਵਿਚ ਰੋਜ਼ਗਾਰ ਲਈ ਚੁਣੇ ਜਾਣ ਤੋਂ ਪਹਿਲਾਂ ਤੁਹਾਨੂੰ ਨਿਮਨਲਿਖਤ ਪੜਾਵਾਂ ਵਿਚੋਂ ਦੀ ਸਫਲਤਾਪੂਰਬਕ ਲੰਘਣਾ ਪਵੇਗਾ:

| | |
|---|---|
| ਕਦਮ 1 | ਇਸ ਵੈਬਸਾਈਟ 'ਤੇ ਆਨਲਾਈਨ ਅਰਜ਼ੀ ਜਮ੍ਹਾ ਕਰਵਾਉਣੀ – www.policecareer.vic.gov.au |
| ਕਦਮ 2 | ਇੱਕ ਪ੍ਰੀਖਿਆ ਦੇਣੀ |
| ਕਦਮ 3 | ਪਿਛੋਕੜ ਬਾਰੇ ਮੁਢਲੀ ਚੈਕਿੰਗ ਵਿਚੋਂ ਦੀ ਲੰਘਣਾ |
| ਕਦਮ 4 | ਫਿਟਨੈਸ ਦੀ ਟੈਸਟਿੰਗ ਵਿਚੋਂ ਦੀ ਲੰਘਣਾ |
| ਕਦਮ 5 | ਮਨੋਵਿਗਿਆਨਕ ਜਾਂਚ ਵਿਚੋਂ ਦੀ ਲੰਘਣਾ |
| ਕਦਮ 6 | ਇੱਕ ਮੈਡੀਕਲ ਮੁਲੰਕਣ ਵਿਚੋਂ ਦੀ ਲੰਘਣਾ |
| ਕਦਮ 7 | ਪਿਛੋਕੜ ਦੀ ਵਿਆਪਕ ਚੈਕਿੰਗ ਵਿਚੋਂ ਦੀ ਲੰਘਣਾ |
| ਕਦਮ 8 | ਇੱਕ ਪੈਨਲ ਇੰਟਰਵੀਊ ਅੱਗੇ ਪੇਸ਼ ਹੋਣਾ |

## PSO ਦੀ ਭੂਮਿਕਾ ਨਿਭਾਉਣ ਲਈ ਤਨਖਾਹ ਤੇ ਲਾਭ ਕੀ ਹਨ?

- ਸਿਖਲਾਈ ਦੇ ਪਹਿਲੇ ਦਿਨ ਤੋਂ ਹੀ ਪ੍ਰਤੀਯੋਗੀ ਆਧਾਰ ਤਨਖਾਹ
- ਤਨਖਾਹ ਵਿੱਚ ਸਾਲਾਨਾ ਵਾਧੇ ਅਤੇ ਸ਼ਿਫਟ ਦੇ ਵਾਧੂ ਭੱਤੇ (allowances)
- 9 ਹਫਤਿਆਂ ਦੀ ਛੁਟੀ (ਜਿਸ ਵਿੱਚ 5 ਹਫਤਿਆਂ ਦੀ ਮੰਨੋਰੰਜਨ ਛੁਟੀ (recreation leave), ਸਰਕਾਰੀ ਛੁਟੀਆਂ ਦੀ ਥਾਂ 2 ਹਫਿਆਂ ਦੀ ਛੁਟੀ ਅਤੇ ਨਾਲ ਹੀ 10 ਦਿਨ ਦੀਆਂ ਇਕੱਠੀਆਂ ਕੀਤੀਆਂ ਛੁਟੀਆਂ)
- ਰੱਖਿਆ ਫੋਜ ਦੀਆਂ ਛੁਟੀਆਂ
- ਵਰਦੀ ਦਿੱਤੀ ਜਾਂਦੀ ਹੇ
- ਨੌਕਰੀ ਦੀ ਸੁਰੱਖਿਆ

## ਇਕ PSO ਹੋਣ ਦੇ ਨਾਤੇ ਮੈਨੂੰ ਕਿਹੋ ਜਿਹੀ ਸਿਖਲਾਈ ਦਿਤੀ ਜਾਵੇਗੀ?

ਸਾਡੇ ਸਾਰੇ PSO ਨਿਮਨਲਿਖਤ ਅਨੁਸਾਰ ਆਪਣੇ ਰੋਜ਼ਗਾਰ ਦੇ ਪਹਿਲੇ 6 ਮਹੀਨਿਆਂ ਲਈ Victoria Police ਕੋਲੋਂ ਸਿਖਲਾਈ ਲੈਂਦੇ ਹਨ:

- ✓ ਹਫਤਾ 1 ਤੋਂ 12: ਕਾਨੂੰਨ, ਬੋਲਚਾਲ ਦੇ ਹੁਨਰ ਤੇ ਸੰਚਾਲਨਾਤਮਕ ਸੁਰੱਖਿਆ ਸਿਖਲਾਈ (ਹਥਿਆਰ ਚਲਾਉਣ ਦੀ ਸਿਖਲਾਈ ਸਮੇਤ) ਲਈ Victoria Police ਅਕੈਡਮੀ ਵਿਖੇ ਸਿਖਲਾਈ
- ✓ ਹਫਤਾ 13 ਤੋਂ 24: ਇੱਕ ਭਰੋਸੇਯੋਗ ਗਾਈਡ ਦੇ ਨਾਲ ਮੈਲਬੋਰਨ ਸ਼ਹਿਰ (CBD) ਦੇ ਰੇਲਵੇ ਸਟੇਸ਼ਨ 'ਤੇ ਸਿਖਲਾਈ

## ਹੋਰ ਜਾਣਕਾਰੀ ਦੀ ਲੋੜ ਹੈ?

PSO ਬਾਰੇ ਜਾਣਕਾਰੀ ਲਈ ਹਰ ਹਫਤੇ ਮੈਲਬੋਰਨ ਅਤੇ ਆਸ ਪਾਸ ਵਿੱਚ Victoria Police ਜਾਣਕਾਰੀ ਸੈਸ਼ਨ ਕਰਦੀ ਹੈ।

ਤਾਰੀਖਾਂ ਅਤੇ ਸਮੇ ਲਈ ਇਸ ਵੈਬਸਾਈਟ ਤੇ ਵੇਖੋ:
www.policecareer.vic.gov.au/pso/info-session

ਜਾਂ

ਤੁਹਾਡੀ ਪੁਛ-ਗਿਛ ਇਸ ਈਮੇਲ ਪਤੇ ਤੇ ਭੇਜੋ:
rsbmarketing@police.vic.gov.au

VICTORIA POLICE